ਟੀ ਬੀ ਦਾ ਸਕਿੰਨ (ਚਮੜੀ) ਟੈਸਟ ਟੀ ਬੀ ਹੋਣ ਦਾ ਕਾਰਣ ਨਹੀਂ ਬਣ ਸਕਦਾ।

# ਤਪਦਿਕ ਦਾ ਦਬਿਆ ਹੋਇਆ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ)

**ਤਪਦਿਕ ਦਾ ਦਬਿਆ ਹੋਇਆ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ) ਕੀ ਹੈ?**

ਦਬੇ ਹੋਏ ਟੀ ਬੀ ਦੇ ਵਿਗਾੜ (ਐਲ ਟੀ ਬੀ ਆਈ) ਵਾਲੇ ਵਿਅਕਤੀ ਨੇ ਸਾਹ ਰਾਹੀਂ ਟੀ ਬੀ ਦੇ ਕੀਟਾਣੂ ਅੰਦਰ ਲਏ ਹਨ, ਪਰ ਉਹ ਬਿਮਾਰ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲੇ ਸਿਸਟਮ ਨੇ ਟੀ ਬੀ ਦੇ ਕੀਟਾਣੂਆਂ ਨੂੰ ਵੱਧਣ ਅਤੇ ਫੈਲਣ ਤੋਂ ਰੋਕ ਦਿੱਤਾ ਹੈ। ਟੀ ਬੀ ਦੇ ਕੀਟਾਣੂ ਜਿੰਦਾ ਰਹਿੰਦੇ ਹਨ,ਪਰ ਸਰੀਰ ਵਿੱਚ ਸੋ ਰਹੇ (ਅਰਾਮ ਕਰ ਰਹੇ ਜਾਂ ਵੱਧ ਨਾ ਰਹੇ ਹੋਏ,ਆਲਸੀ) ਹਨ। World Health Organization (WHO) ਦਾ ਅਨੁਮਾਨ ਹੈ ਕਿ ਦੁਨਿਆ ਦੀ ਇੱਕ ਤਿਹਾਈ ਆਬਾਦੀ ਟੀ ਬੀ ਦੇ ਕੀਟਾਣੂਆਂ ਨਾਲ ਗ੍ਰਸਤ ਹੈ ਅਤੇ ਉਸ ਨੂੰ ਐਲ ਟੀ ਬੀ ਆਈ ਹੈ।

ਐਲ ਟੀ ਬੀ ਆਈ (LTBI) ਵਾਲੇ ਲੋਕ:

- ਬਿਮਾਰ ਨਹੀਂ ਹਨ
- ਉਨ੍ਹਾਂ ਵਿੱਚ ਕੋਈ ਲੱਛਣ ਦਿਖਾਈ ਨਹੀਂ ਦਿੰਦੇ
- ਦੂਸਰੇ ਲੋਕਾਂ ਤੱਕ ਟੀ ਬੀ ਨੂੰ ਫੈਲਾ ਨਹੀਂ ਸਕਦੇ
- ਕੰਮ ਉੱਤੇ ਅਤੇ ਸਕੂਲ ਜਾ ਸਕਦੇ ਹਨ ਅਤੇ ਆਪਣੀਆਂ ਸਾਰੀਆਂ ਸਧਾਰਨ ਗਤੀਵਿਧੀਆਂ ਕਰ ਸਕਦੇ ਹਨ
- ਵਿੱਚ ਭਵਿੱਸ਼ ਵਿੱਚ ਟੀ ਬੀ ਦਾ ਵਿਕਾਸ ਹੋ ਸਕਦਾ ਹੈ, ਖਾਸ ਕਰਕੇ ਜੇ ਉਨ੍ਹਾਂ ਦਾ ਸਰੀਰ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲੇ ਸਿਸਟਮ ਕਮਜੋਰ ਹੋ ਜਾਂਦਾ ਹੈ

ਐਲ ਟੀ ਬੀ ਆਈ (LTBI) ਵਾਲੇ ਲੋਕਾਂ ਵਿੱਚ 10 ਵਿੱਚੋਂ ਲਗਭਗ ਇੱਕ ਵਿੱਚ ਉਨ੍ਹਾਂ ਦੇ ਜੀਵਨ ਕਾਲ ਵਿੱਚ ਕਿਸੇ ਵੇਲੇ ਸਕ੍ਰਿਏ ਟੀ ਬੀ ਰੋਗ ਦਾ ਵਿਕਾਸ ਹੋਏਗਾ। ਉਨ੍ਹਾਂ ਦੇ ਕੀਟਾਣੂਆਂ ਨਾਲ ਗ੍ਰਸਤ ਹੋਣ ਦੇ ਪਹਿਲੇ ਦੋ ਸਾਲ ਦੇ ਅੰਦਰ ਖਤਰਾ ਸਭ ਤੋਂ ਜਿਆਦਾ ਹੁੰਦਾ ਹੈ।

**ਐਲ ਟੀ ਬੀ ਆਈ (LTBI) ਲਈ ਤੁਹਾਡਾ ਟੈਸਟ ਕਿਵੇਂ ਕੀਤਾ ਜਾਂਦਾ ਹੈ ?**

ਇਹ ਦੇਖਣ ਲਈ ਕਿ ਕੀ ਤੁਹਾਡੇ ਸਰੀਰ ਵਿੱਚ ਟੀ ਬੀ ਦੇ ਕੀਟਾਣੂ ਹਨ ਡਾਕਟਰ ਜਾਂ ਨਰਸ ਦੁਆਰਾ ਟੀ ਬੀ ਦਾ ਸਕਿੰਨ (ਚਮੜੀ) ਟੈਸਟ ਕੀਤਾ ਜਾਂਦਾ ਹੈ। ਟੈਸਟ ਕਰਨ ਵਾਲੇ ਤਰਲ ਪਦਾਰਥ,ਜਿਸ ਵਿੱਚ ਟੀ ਬੀ ਦੇ ਪ੍ਰੋਟੀਨ ਹਨ,ਨੂੰ ਇੱਕ ਛੋਟੀ ਸੂਈ ਦੇ ਨਾਲ ਚਮੜੀ ਹੇਠਾਂ ਲਗਾਇਆ ਜਾਂਦਾ ਹੈ। ਜੇ ਤੁਸੀਂ ਟੀ ਬੀ ਦੇ ਕੀਟਾਣੂਆਂ ਨਾਲ ਗ੍ਰਸਤ ਹੋ, ਸੰਭਵ ਹੈ ਕਿ ਉਹ ਖੇਤਰ ਜਿਥੇ ਤਰਲ ਪਦਾਰਥ ਦਾ ਟੀਕਾ ਲਗਾਇਆ ਗਿਆ ਸੀ, 48 ਤੋਂ 72 ਘੰਟੇ ਦੇ ਅੰਦਰ, ਸੁਜ ਜਾਏ ਅਤੇ ਸਖਤ ਮਹਿਸੂਸ ਹੋਏ (ਇੰਡਿਯੂਰੇਸ਼ਨ)। ਛਾਤੀ ਦੇ ਐਕਸ-ਰੇ,ਵਰਗੇ ਹੋਰ ਟੈਸਟ,ਅਤੇ ਸਰੀਰਕ ਨਿਰੀਖਣ ਇਹ ਸੁਨਿਸ਼ਚਤ ਕਰਨ ਲਈ ਕੀਤੇ ਜਾਂਦੇ ਹਨ ਕਿ ਤੁਹਾਨੂੰ ਸਕ੍ਰਿਏ ਟੀ ਬੀ ਰੋਗ ਨਹੀਂ ਹੈ। ਸੰਭਵ ਹੈ,ਖਾਸ ਹਾਲਾਤਾਂ ਵਿੱਚ,ਡਾਕਟਰ ਐਲ ਟੀ ਬੀ ਆਈ (LTBI) ਦਾ ਪਤਾ ਲਗਉਣ ਲਈ,ਇੰਟਰਫੈਰਨ –ਗਾਮਾ ਰੀਲੀਜ ਐਸੇ (IGRA) ਨਾਮ ਦਾ ਖੂਨ ਦਾ ਟੈਸਟ ਕਰਵਾਉਣ ਦੀ ਸਿਫਾਰਸ਼ ਕਰਨ।



ਟੀ ਬੀ ਦਾ ਸਕੀਂਨ (ਚਮੜੀ) ਟੈਸਟ ਟੀ ਬੀ ਹੋਣ ਦਾ ਕਾਰਣ ਨਹੀਂ ਬਣ ਸਕਦਾ। ਕੋਈ ਅਜਿਹਾ ਵਿਅਕਤੀ ਜਿਸ ਨੂੰ ਬੀ ਸੀ ਜੀ ਵੈਕਸਿਨ ਲੱਗੀ ਹੈ ਜਾਂ ਜੋ ਗਰਭਵਤੀ ਹੈ ਟੀ ਬੀ ਦਾ ਸਕੀਂਨ (ਚਮੜੀ) ਟੈਸਟ ਪ੍ਰਾਪਤ ਕਰ ਸਕਦਾ ਹੈ। ਸਕ੍ਰਿਏ ਟੀ ਬੀ ਰੋਗ ਵਾਲੇ ਕਿਸੇ ਵਿਅਕਤੀ ਦੇ ਨਾਲ ਸੰਪਰਕ ਵਾਲੇ ਲੋਕਾਂ ਲਈ ਟੀ ਬੀ ਦਾ ਸਕੀਂਨ (ਚਮੜੀ) ਟੈਸਟ ਮੁਫਤ ਕੀਤਾ ਜਾਂਦਾ ਹੈ।

**ਕੀ ਐਲ ਟੀ ਬੀ ਆਈ (LTBI) ਲਈ ਕੋਈ ਇਲਾਜ ਹੈ ?**

ਸੰਭਵ ਹੈ ਕਿ ਡਾਕਟਰ ਐਲ ਟੀ ਬੀ ਆਈ (LTBI) ਨੂੰ ਟੀ ਬੀ ਰੋਗ ਤੱਕ ਵੱਧਣ ਤੋਂ ਰੋਕਣ ਲਈ ਟੀ ਬੀ ਦੀ ਦਵਾਈ ਨਿਰਧਾਰਤ ਕਰੇ। ਇਹ ਦਵਾਈ ਸਿਹਤ ਸੰਬੰਧੀ ਦੇਖਭਾਲ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਮਰੀਜਾਂ ਨੂੰ ਦੇਣ ਲਈ ਮੁਫਤ ਦਿੱਤੀ ਜਾਂਦੀ ਹੈ।